**Human Early Learning Partnership (HELP)**
University of British Columbia
440-2206 East Mall Vancouver
BC Canada V6T 1Z3
www.earlylearning.ubc.ca

# The Childhood Experiences Questionnaire

| | |
|---|---|
| **ਮੁੱਖ ਪੜਤਾਲ ਕਰਤਾ:** | Dr. Alisa Almas, ਰਿਸਰਚ ਐਸੋਸੀਏਟ, Human Early Learning Partnership, UBC, alisa.almas@ubc.ca (604-827-1518) |
| **ਮੁੱਢਲਾ ਸੰਪਰਕ:** | Roberta O'Brien, CHEQ/EDI ਤਾਮੀਲ ਮੈਨੇਜਰ, Human Early Learning Partnership, UBC, roberta.obrien@ubc.ca (604-916-1051) |
| **ਮਿਤੀ:** | ਸਤੰਬਰ 2021 |

Childhood Experiences Questionnaire (CHEQ) ਇੱਕ ਸਵਾਲਨਾਮਾ ਹੈ, ਜਿਸਨੂੰ ਕਿੰਡਰਗਾਰਟਨ ਸਕੂਲ ਵਰ੍ਹੇ ਦੇ ਸ਼ੁਰੂ ਵਿੱਚ ਬੱਚੇ ਦੇ ਮਾਤਾ-ਪਿਤਾ/ਨਿਗਰਾਨ ਭਰਦੇ ਹਨ। CHEQ ਉਹਨਾਂ ਤਜਰਬਿਆਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ, ਜੋ ਬੱਚਿਆਂ ਦੀ ਸਿਹਤ ਅਤੇ ਸੁਖਸਾਂਦ, ਸਿੱਖਿਆ ਅਤੇ ਸਮਾਜਕ ਪਰਿਣਾਮਾਂ ਨਾਲ ਜੁੜੇ ਹੁੰਦੇ ਹਨ। ਇਸ ਦੀ ਵਰਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਅਧਿਆਪਕਾਂ, ਸਕੂਲ ਪ੍ਰਬੰਧਕਾਂ ਅਤੇ ਕਮਿਊਨਿਟੀ ਦੇ ਭਾਈਵਾਲਾਂ ਦੁਆਰਾ ਬੱਚਿਆਂ ਅਤੇ ਪਰਿਵਾਰਾਂ ਨੂੰ ਟੀਚੇਬੱਧ ਸਹਾਇਤਾ ਦੇਣ ਅਤੇ ਉਸਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਕੀਤੀ ਜਾਂਦੀ ਹੈ। ਤੁਹਾਡਾ ਸਕੂਲ ਡਿਸਟ੍ਰਿਕਟ Human Early Learning Partnership (HELP) ਦੇ ਨਾਲ ਮਿਲ ਕੇ CHEQ ਨੂੰ ਭਰਵਾ ਰਿਹਾ ਹੈ। ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਅਸੀਂ ਮੌਜੂਦ ਹਾਂ।

## ਸੰਖੇਪ ਵਿੱਚ

- CHEQ ਨੂੰ ਭਰਨ ਵਿੱਚ ਤਕਰੀਬਨ 30 ਮਿੰਟ ਲੱਗਦੇ ਹਨ
- ਹਿੱਸਾ ਲੈਣਾ ਤੁਹਾਡੀ ਆਪਣੀ ਮਰਜ਼ੀ 'ਤੇ ਨਿਰਭਰ ਕਰਦਾ ਹੈ
- ਵਿਅਕਤੀਗਤ, ਕਲਾਸਰੂਮ, ਸਕੂਲ ਅਤੇ ਡਿਸਟ੍ਰਿਕਟ ਦੀਆਂ ਰਿਪੋਰਟਾਂ ਵਿੱਚ ਜਾਣਕਾਰੀ ਦਾ ਸਾਰਾਂਸ਼ ਤਿਆਰ ਕੀਤਾ ਜਾਂਦਾ ਹੈ

**CHEQ ਨੂੰ ਭਰਨਾ ਪੂਰੀ ਤਰ੍ਹਾਂ ਤੁਹਾਡੀ ਆਪਣੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਤੁਹਾਨੂੰ ਇਸ ਨੂੰ ਭਰਨ ਤੋਂ ਇਨਕਾਰ ਕਰਨ ਦਾ ਹੱਕ ਹੈ। ਜੇ ਤੁਸੀਂ ਇਸ ਨੂੰ ਭਰਨ ਦੀ ਚੋਣ ਕਰਦੇ ਹੋ, ਤਾਂ ਵੀ ਤੁਸੀਂ ਕਿਸੇ ਵੀ ਸਮੇਂ "Withdraw" ("ਛੱਡਣਾ") 'ਤੇ ਕਲਿੱਕ ਕਰਕੇ ਰੁਕ ਸਕਦੇ ਹੋ, ਜਿਸਦਾ ਤੁਹਾਡੇ ਜਾਂ ਤੁਹਾਡੇ ਬੱਚੇ ਉੱਪਰ ਕੋਈ ਮਾੜਾ ਅਸਰ ਨਹੀਂ ਪਵੇਗਾ। ਜੇ CHEQ ਨੂੰ ਅਾਂਸ਼ਿਕ ਜਾਂ ਪੂਰੇ ਤੌਰ ਭਰਿਆ ਜਾਂਦਾ ਹੈ ਤਾਂ ਇਹ ਸਮਝਿਆ ਜਾਏਗਾ ਕਿ ਸਹਿਮਤੀ ਦੇ ਦਿੱਤੀ ਗਈ ਹੈ।**

CHEQ ਅੰਗਰੇਜ਼ੀ, ਸਰਲ ਚੀਨੀ ਅਤੇ ਪੰਜਾਬੀ ਵਿੱਚ ਉਪਲਬਧ ਹੈ ਅਤੇ ਸਵਾਲਾਂ ਨੂੰ ਅੰਗਰੇਜ਼ੀ ਵਿੱਚ ਪੜ੍ਹ ਕੇ ਸੁਣਾਉਣ ਦਾ ਵਿਕਲਪ ਵੀ ਮੌਜੂਦ ਹੈ।

**ਜਦੋਂ ਤੁਸੀਂ CHEQ ਭਰ ਲਵੋਗੇ ਤਾਂ ਉਸਦੇ ਬਾਅਦ ਕੀ ਹੋਵੇਗਾ?**

CHEQ ਦੇ ਤਿੰਨ ਹਿੱਸੇ ਹਨ: ਪਹਿਲੇ ਭਾਗ ਵਿੱਚ ਤੁਹਾਡੇ ਬੱਚੇ ਦੇ ਤਜਰਬਿਆਂ ਬਾਰੇ ਸਵਾਲ ਸ਼ਾਮਲ ਹਨ ਅਤੇ ਇਸ ਦੀ ਵਰਤੋਂ ਵਿਅਕਤੀਗਤ, ਕਲਾਸਰੂਮ, ਸਕੂਲ ਅਤੇ ਡਿਸਟ੍ਰਿਕਟ ਦੀਆਂ ਰਿਪੋਰਟਾਂ ਵਿੱਚ ਕੀਤੀ ਜਾਂਦੀ ਹੈ। ਇਹਨਾਂ ਰਿਪੋਰਟਾਂ ਵਿਚ ਮੌਜੂਦ ਜਾਣਕਾਰੀ ਨੂੰ ਸਕੂਲ ਦੇ ਕਰਮਚਾਰੀਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ। ਤੁਹਾਡੇ ਬੱਚੇ ਦੀ ਨਿਜੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਸਕੂਲ ਦਾ ਸਟਾਫ ਆਪਣੇ ਪੇਸ਼ੇਵਰਾਨਾ ਅਮਲ ਦੀਆਂ ਸੇਧਾਂ ਦੀ ਪਾਲਣਾ ਕਰਦਾ ਹੈ ਅਤੇ ਇਹਨਾਂ ਰਿਪੋਰਟਾਂ ਨੂੰ ਜਨਤਕ ਨਹੀਂ ਕੀਤਾ ਜਾਂਦਾ ਹੈ। ਦੂਜੇ ਭਾਗ ਵਿੱਚ ਵਿਭਿੰਨ ਸਮਾਜਿਕ ਅਤੇ ਆਰਥਿਕ ਪੱਖਾਂ (ਜਿਵੇਂ, ਰੁਜ਼ਗਾਰ, ਸਿੱਖਿਆ, ਆਮਦਨੀ) ਬਾਰੇ ਸਵਾਲ ਸ਼ਾਮਲ ਹਨ ਅਤੇ ਇਹ ਗੁਪਤ ਹੈ। ਇਹਨਾਂ ਸਵਾਲਾਂ ਲਈ ਦਿੱਤੇ ਗਏ ਤੁਹਾਡੇ ਜਵਾਬ ਤੁਹਾਡੇ ਬੱਚੇ ਦੇ ਸਕੂਲ ਜਾਂ ਡਿਸਟ੍ਰਿਕਟ ਨੂੰ ਨਹੀਂ ਦਿੱਤੇ ਜਾਣਗੇ। ਇਹਨਾਂ ਜਵਾਬਾਂ ਵਿਚੋਂ ਪਛਾਣ ਕਰਨ ਵਾਲੀ ਜਾਣਕਾਰੀ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਡੈਟਾ ਦੀ ਵਰਤੋਂ ਸਿਰਫ਼ ਖੋਜ ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ ਤਾਂ ਜੋ ਤੁਹਾਡੇ ਇਲਾਕੇ ਅਤੇ ਕਮਿਊਨਿਟੀ ਦੀਆਂ ਵਿਸ਼ੇਸ਼ਤਾਵਾਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਿਆ ਜਾ ਸਕੇ। ਤੀਜੇ ਭਾਗ ਵਿੱਚ ਮਹਾਂਮਾਰੀ ਕੋਵਿਡ-19 ਦੇ ਬਾਰੇ ਸਵਾਲ ਹਨ। ਤੁਹਾਡੇ ਜਵਾਬਾਂ ਨੂੰ ਦੂਜੇ ਮਾਪਿਆ/ਨਿਗਰਾਨਾਂ ਦੇ ਜਵਾਬਾਂ ਨਾਲ ਰਲਾ ਦਿੱਤਾ ਜਾਏਗਾ ਅਤੇ ਸਕੂਲ, ਸਕੂਲ ਡਿਸਟ੍ਰਿਕਟ ਅਤੇ ਇਲਾਕੇ ਦੇ ਪੱਧਰ 'ਤੇ ਗੁਮਨਾਮ ਰੂਪ ਵਿੱਚ ਸਕੂਲ ਦੇ ਸਟਾਫ ਨਾਲ ਸਾਂਝਾ ਕੀਤਾ ਜਾਏਗਾ।

**ਤੁਹਾਡੀ ਜਾਣਕਾਰੀ ਦੀ ਸੁਰੱਖਿਆ ਕਿਵੇਂ ਕੀਤੀ ਜਾਂਦੀ ਹੈ?**

ਸਕੂਲ ਤੁਹਾਡੇ ਬੱਚੇ ਦੇ ਨਾਂ ਦੀ ਵਰਤੋਂ CHEQ ਭਰਵਾਉਣ ਅਤੇ ਸਕੂਲ ਦੇ ਯੋਜਨਾਬੰਦੀ ਉਦੇਸ਼ਾਂ ਲਈ ਕਰਦਾ ਹੈ, ਪਰ ਉਹ ਤੁਹਾਡੇ ਬੱਚੇ ਦਾ ਨਾਂ HELP ਨੂੰ ਖੋਜ ਅਧਿਐਨ ਦੇ ਉਦੇਸ਼ਾਂ ਲਈ ਨਹੀਂ ਦੱਸਦਾ। ਜੇ CHEQ ਵਾਲੀ ਜਾਣਕਾਰੀ ਦੀ ਵਰਤੋਂ ਖੋਜ ਪ੍ਰਕਾਸ਼ਨਾਂ ਜਾਂ ਜਨਤਕ ਦਸਤਾਵੇਜ਼ਾਂ ਵਿੱਚ ਕੀਤੀ ਜਾਂਦੀ ਹੈ ਤਾਂ CHEQ ਵਿੱਚ ਪੁੱਛੇ ਗਏ ਸਵਾਲਾਂ ਲਈ ਤੁਹਾਡੇ ਜਵਾਬਾਂ ਨੂੰ ਦੂਜੇ ਮਾਪਿਆਂ/ਨਿਗਰਾਨਾਂ ਦੇ ਜਵਾਬਾਂ ਨਾਲ ਰਲਾ ਦਿੱਤਾ ਜਾਂਦਾ ਹੈ ਅਤੇ ਤੁਹਾਡੇ ਵਿਅਕਤੀਗਤ ਜਵਾਬਾਂ ਦੀ ਪਛਾਣ ਕਿਸੇ ਵੀ ਤਰੀਕੇ ਨਾਲ ਨਹੀਂ ਕੀਤੀ ਜਾ ਸਕਦੀ।

CHEQ ਦੇ ਡੈਟਾ ਨੂੰ ਸੁਰੱਖਿਅਤ ਰੱਖਣ ਲਈ HELP ਜ਼ਿੰਮੇਵਾਰ ਹੈ। ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਨੂੰ UBC ਵਿਖੇ ਇੱਕ ਸੁਰੱਖਿਅਤ ਖੋਜ-ਅਧਿਐਨ ਵਾਲੇ ਵਾਤਾਵਰਨ ਵਿੱਚ ਰੱਖਿਆ ਜਾਂਦਾ ਹੈ ਅਤੇ ਇਸ ਦੀ ਵਰਤੋਂ ਸਿਰਫ਼ **ਫੈਡਰਲ, ਸੂਬਾਈ/ਇਲਾਕਾਈ ਨਿੱਜਤਾ ਕਾਨੂੰਨਾਂ ਦੇ ਅੰਤਰਗਤ** ਮਨਜ਼ੂਰਸ਼ੁਦਾ ਖੋਜ ਪ੍ਰੋਜੈਕਟਾਂ ਲਈ ਹੀ ਕੀਤੀ ਜਾ ਸਕਦੀ ਹੈ। CHEQ ਤੋਂ ਪ੍ਰਾਪਤ ਹੋਏ ਡੈਟਾ ਨੂੰ ਵਿਅਕਤੀਗਤ ਪੱਧਰ 'ਤੇ Early Development Instrument ਜਾਂ Middle Years Development Instrument ਵਰਗੇ ਦੂਜੇ ਡੈਟਾ ਨਾਲ ਜੋੜਿਆ ਜਾ ਸਕਦਾ ਹੈ ਤਾਂ ਜੋ ਉਹਨਾਂ ਪੱਖਾਂ ਦਾ ਪਤਾ ਲਗਾਇਆ ਜਾ ਸਕੇ ਜੋ ਬੱਚਿਆਂ ਦੀ ਸੁਖਸਾਂਦ, ਸਿਹਤ ਅਤੇ ਸਕੂਲ ਵਿੱਚ ਕਾਮਯਾਬੀ 'ਤੇ ਅਸਰ ਪਾਉਂਦੇ ਹਨ, ਪਰ **ਇਸ ਡੈਟਾ ਦੀ ਵਰਤੋਂ *ਸਿਰਫ਼* HELP ਵੱਲੋਂ ਮਨਜ਼ੂਰਸ਼ੁਦਾ ਖੋਜ ਸਮਝੌਤੇ ਹੇਠ ਮਨਜ਼ੂਰਸ਼ੁਦਾ ਖੋਜਕਰਤਾ ਦੁਆਰਾ ਖੋਜ, ਯੋਜਨਾਬੰਦੀ ਜਾਂ ਮੁਲਾਂਕਣ ਲਈ ਕੀਤੀ ਜਾ ਸਕਦੀ ਹੈ।** ਵਿਅਕਤੀਗਤ ਪੱਧਰ ਦੇ ਡੈਟਾ ਨੂੰ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੇ ਮੰਤਰਾਲਿਆਂ ਨਾਲ ਵੀ ਸਾਂਝਾ ਕੀਤਾ ਜਾਂਦਾ ਹੈ ਅਤੇ ਇਸ ਦੀ ਵਰਤੋਂ ਸਮੂਹ ਦੇ ਪੱਧਰ 'ਤੇ ਸਿਰਫ਼ ਖੋਜ, ਪ੍ਰੋਗਰਾਮ ਮੁਲਾਂਕਣ ਅਤੇ ਯੋਜਨਾਬੰਦੀ ਲਈ ਕੀਤੀ ਜਾਂਦੀ ਹੈ। ਤੁਹਾਡੇ ਬੱਚੇ ਦੇ CHEQ ਡੈਟਾ ਦੀ ਨਿੱਜਤਾ ਅਤੇ ਸੁਰੱਖਿਆ ਨਾਲ ਜੁੜੀ ਕਿਸੇ ਵੀ ਚਿੰਤਾ ਦੇ ਲਈ ਕਿਰਪਾ ਕਰਕੇ HELP ਦੇ ਪ੍ਰਾਇਵੇਸੀ ਅਫਸਰ ਨਾਲ privacy@help.ubc.ca ਵਿਖੇ ਸੰਪਰਕ ਕਰੋ।

**ਸਕੂਲ ਅਤੇ ਇਲਾਕੇ ਦੇ ਨਿਵਾਸੀਆਂ ਨੂੰ ਇਸਦਾ ਕੀ ਲਾਭ ਹੋਵੇਗਾ?**

CHEQ ਤੋਂ ਮਿਲੀ ਜਾਣਕਾਰੀ ਸਕੂਲਾਂ, ਪ੍ਰੋਗਰਾਮਾਂ ਦੀਆਂ ਯੋਜਨਾਵਾਂ ਬਣਾਉਣ ਵਾਲੇ ਲੋਕਾਂ ਅਤੇ ਇਲਾਕੇ ਦੇ ਨਿਵਾਸੀਆਂ ਨੂੰ ਆਪਣੇ ਬੱਚਿਆਂ ਲਈ ਅਜਿਹੇ ਮੁੱਢਲੇ ਤਜਰਬੇ ਪੈਦਾ ਕਰਨ ਦੇ ਤਰੀਕੇ ਜਾਣਨ ਵਿੱਚ ਮਦਦ ਕਰ ਸਕਦੀ ਹੈ ਜੋ ਬੱਚਿਆਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰ ਸਕਦੇ ਹਨ। CHEQ ਨੂੰ ਭਰ ਕੇ ਮਾਤਾ-ਪਿਤਾ/ਨਿਗਰਾਨ ਉਹ ਵਿਸਤਾਰਪੂਰਨ ਜਾਣਕਾਰੀ ਪ੍ਰਦਾਨ ਕਰ ਰਹੇ ਹਨ ਜਿਸ ਦੀ ਲੋੜ ਕਮਿਊਨਿਟੀਆਂ ਨੂੰ ਆਪਣੇ ਪਰਿਵਾਰਾਂ ਦੀ ਬਹੁਤ ਲੋੜੀਂਦੀ ਸਹਾਇਤਾ ਕਰਨ ਲਈ ਹੈ। ਹੁਣ ਖਾਸ ਤੌਰ 'ਤੇ ਉਹ ਸਮਾਂ ਹੈ ਜਦੋਂ ਸਾਨੂੰ ਆਪਣਾ ਧਿਆਨ ਬੱਚਿਆਂ ਦੀ ਸਿਹਤ ਅਤੇ ਸੁਖਸਾਂਦ 'ਤੇ ਕੇਂਦਰਤ ਕਰਨ ਦੀ ਲੋੜ ਹੈ। ਕੋਵਿਡ-19 ਦੇ ਕਾਰਨ ਪੈਦਾ ਹੋਇਆ ਤਣਾਉ ਅਤੇ ਵਿਘਨ ਚਿੰਤਾ ਦੇ ਗੰਭੀਰ ਕਾਰਨ ਹਨ। CHEQ ਦੇ ਵਿੱਚ ਕੋਵਿਡ-19 ਮਹਾਂਮਾਰੀ ਦੇ ਨਾਲ ਜੁੜੇ ਸਵਾਲ ਵੀ ਹੋਣਗੇ ਜੋ ਸਾਨੂੰ ਬੱਚਿਆਂ ਅਤੇ ਪਰਿਵਾਰਾਂ ਦੇ ਉੱਪਰ ਪੈਣ ਵਾਲੇ ਮਹਾਂਮਾਰੀ ਦੇ ਦੂਜੇ ਦਰਜੇ ਦੇ ਪ੍ਰਭਾਵਾਂ ਨੂੰ ਸਮਝਣ ਵਿੱਚ ਮਦਦ ਕਰਨਗੇ। ਇਹਨਾਂ ਸਵਾਲਾਂ ਦੇ ਜਵਾਬ ਦੇਣਾ ਵਿਅਕਤੀ ਦੀ ਆਪਣੀ ਮਰਜ਼ੀ ਉੱਪਰ ਨਿਰਭਰ ਕਰਦਾ ਹੈ ਅਤੇ ਸਵਾਲਨਾਮਾ ਭਰਦੇ ਸਮੇਂ ਮਾਤਾ-ਪਿਤਾ/ਨਿਗਰਾਨ, ਜੇ ਉਹ ਚਾਹੁਣ, ਇਹਨਾਂ ਸਵਾਲਾਂ ਨੂੰ ਛੱਡ ਸਕਦੇ ਹਨ।

**CHEQ ਪ੍ਰੋਜੈਕਟ ਦੇ ਬਾਰੇ ਮੈਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ?**

ਜੇ ਤੁਸੀਂ CHEQ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇੱਥੇ ਜਾਓ: http://earlylearning.ubc.ca/cheq/. ਜੇ ਤੁਹਾਡੇ ਮਨ ਵਿੱਚ ਇਸ ਪ੍ਰੋਜੈਕਟ ਦੇ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ Roberta O'Brien ਨਾਲ (Roberta.obrien@ubc.ca ਜਾਂ 604-916-1051) ਜਾਂ ਮੇਰੇ ਨਾਲ (alisa.almas@ubc.ca ਜਾਂ 604-827-1518) ਸੰਪਰਕ ਕਰੋ।

ਜੇ ਇਸ ਅਧਿਐਨ ਵਿੱਚ ਹਿੱਸਾ ਲੈਣ ਦੌਰਾਨ ਤੁਹਾਨੂੰ ਇੱਕ ਖੋਜ ਭਾਗੀਦਾਰ ਵਜੋਂ ਆਪਣੇ ਹੱਕਾਂ ਬਾਰੇ ਅਤੇ/ਜਾਂ ਤੁਹਾਡੇ ਤਜਰਬੇ ਬਾਰੇ ਕੋਈ ਚਿੰਤਾਵਾਂ ਜਾਂ ਸ਼ਿਕਾਇਤਾਂ ਹਨ ਤਾਂ University of British Columbia ਵਿਖੇ UBC ਦੇ ਖੋਜ ਨੈਤਿਕਤਾ ਦਫਤਰ ਦੀ ਖੋਜ ਭਾਗੀਦਾਰ ਸ਼ਿਕਾਇਤ ਲਾਈਨ 604-822-8598 'ਤੇ ਕਾਲ ਕਰੋ ਜਾਂ RSIL@ors.ubc.ca ਦੇ ਪਤੇ 'ਤੇ ਈਮੇਲ ਭੇਜੋ ਜਾਂ 1-877-822-8598 ਨੰਬਰ 'ਤੇ ਟੋਲਫ੍ਰੀ ਕਾਲ ਕਰੋ।

ਸ਼ੁਭਚਿੰਤਕ,

Dr. Alisa Almas, Ph.D.
ਰਿਸਰਚ ਐਸੋਸੀਏਟ ਅਤੇ ਮੁੱਖ ਪੜਤਾਲ ਕਰਤਾ
CHEQ ਪ੍ਰੋਜੈਕਟ
Human Early Learning Partnership
ਸਕੂਲ ਆਫ ਪਾਪੂਲੇਸ਼ਨ ਐਂਡ ਪਬਲਿਕ ਹੈਲਥ
University of British Columbia